19 Oct.-GRP-Pages.qxd 10/19/2025 11:12 PM Page 3

ਸੁਖਮਨੀ ਇੰਟਰਨੈਸ਼ਨਲ ਸਕੂਲ ਵਿਖੇ ਬੱਚਿਆਂ ਨੂੰ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ

ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਦੇ ਵਿਦਿਆਰਥੀ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਉਣ ਦਾ ਪ੍ਰਣ ਲੈਂਦੇ ਹੋਏ। ਤਸਵੀਰ : ਹੀਰਾ ਸਿੰਘ ਮਾਂਗਟ

ਡੇਰਾ ਬਾਬਾ ਨਾਨਕ, 19 ਅਕਤੂਬਰ (ਹੀਰਾ ਸਿੰਘ ਮਾਂਗਟ)-ਅੱਜ ਸਵੇਰ ਦੀ ਪ੍ਰਾਥਨਾ ਸਭਾ ਵਿਚ ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਵਿਖੇ ਸਵਰਗਵਾਸੀ ਸਵਿੰਦਰ ਸਿੰਘ ਦੇ ਪਾਏ ਹੋਏ ਪੂਰਨਿਆਂ 'ਤੇ ਚਲਦਿਆਂ ਸਕੂਲ ਦੇ ਐਮ.ਡੀ. ਸੁਰਿੰਦਰ ਕੌਰ ਦੀ ਹਾਜ਼ਰੀ ਵਿਚ ਪ੍ਰਿੰਸੀਪਲ ਸ੍ਰੀਮਤੀ ਰਜਨੀ ਬਾਲਾ ਨੇ ਬੱਚਿਆਂ ਨੂੰ ਦੀਵਾਲੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਬੱਚਿਆਂ ਨੂੰ ਪ੍ਰਦੂਸ਼ਣ ਰਹਿਤ ਹਰੀ ਦੀਵਾਲੀ ਮਨਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਬੱਚਿਆਂ ਤੋਂ ਪਟਾਕੇ ਨਾ ਚਲਾਉਣ ਦਾ ਪ੍ਰਣ ਲਿਆ ਤੇ ਦੱਸਿਆ ਕਿ ਪਟਾਕੇ ਚਲਾਉਣ ਨਾਲ ਬਹੁਤ ਹੀ ਪ੍ਰਦੂਸ਼ਣ ਫੈਲਦਾ ਹੈ, ਜੋ ਅਨੇਕਾਂ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਉਨ੍ਹਾਂ ਇਸ ਦੀਵਾਲੀ 'ਤੇ ਬੱਚਿਆਂ ਨੂੰ ਇਕ-ਇਕ ਬੂਟਾ ਲਗਾਉਣ ਲਈ ਵੀ ਕਿਹਾ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਤੇ ਵੱਡੀ ਗਿਣਤੀ 'ਚ ਵਿਦਿਆਰਥੀ ਹਾਜ਼ਰ ਸਨ।

ਟਰੱਕ ਅਤੇ ਟਰਾਲੀ ਦੀ ਟੱਕਰ ਦਾ ਦ੍ਰਿਸ਼। ਤਸਵੀਰ: ਵਿਨੋਦ

ਟਰੱਕ ਤੇ ਟਰਾਲੀ ਦੀ ਟੱਕਰ ਦੀ ਲਪੇਟ 'ਚ ਆਉਣ ਨਾਲ ਵਿਅਕਤੀ ਦੀ ਮੌਤ

ਪਠਾਨਕੋਟ, 19 ਅਕਤੂਬਰ (ਵਿਨੋਦ)-ਘਰੋਂ ਸਮਾਨ ਖ਼ਰੀਦਣ ਆਏ ਵਿਅਕਤੀ ਟਰੱਕ ਅਤੇ ਟਰਾਲੀ ਦੀ ਟੱਕਰ ਦੀ ਲਪੇਟ ਵਿਚ ਆਉਣ ਦੇ ਚੱਲਦੇ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਨੰਗਲਭੂਰ ਥਾਣੇ ਏ.ਐਸ.ਆਈ. ਪ੍ਰਕਾਸ਼ ਚੰਦ ਨੇ ਦੱਸਿਆ ਕਿ ਸੋਨੀ ਲਾਲ ਉਮਰ 47 ਸਾਲ ਜੋ ਕਿ ਪਿੰਡ ਆਬਾਦਗੜ੍ਹ ਦਾ ਰਹਿਣ ਵਾਲਾ, ਉਹ ਘਰੋਂ ਖ਼ਰੀਦਦਾਰੀ ਕਰਨ ਲਈ ਮੀਰਥਲ ਆਇਆ ਤਾਂ ਉਸ ਨੇ ਆਪਣਾ ਮੋਟਰਸਾਈਕਲ ਸਾਈਡ 'ਤੇ ਖੜ੍ਹਾ ਕੀਤਾ ਤੇ ਬਾਜ਼ਾਰ 'ਚ ਖ਼ਰੀਦਦਾਰੀ ਕਰਨ ਲੱਗ ਪਿਆ। ਟਰੱਕ ਤੇ ਇਕ ਟਰਾਲੀ ਦੀ ਟੱਕਰ ਹੋ ਗਈ। ਜਿਸ ਦੀ ਲਪੇਟ ਵਿਚ ਇਹ ਵਿਅਕਤੀ ਆਉਣ ਦੇ ਚੱਲਦੇ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਟਰੱਕ ਚਾਲਕ ਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉੱਥੇ ਹੀ ਲੋਕਾਂ ਦਾ ਕਹਿਣਾ ਹੈ ਕਿ ਸੜਕ ਦਾ ਗ਼ਲਤ ਕੱਟ ਬਣਨ ਦੇ ਚੱਲਦੇ ਇਹ ਹਾਦਸੇ ਹੁੰਦੇ ਹਨ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਕੱਟ ਨੂੰ ਠੀਕ ਕਰਵਾਵੇ ਤਾਂ ਜੋ ਦੁਰਘਟਨਾਵਾਂ ਰੁਕ ਸਕਣ।

ਵੁੱਡ ਬਲਾਜ਼ਮ ਸਕੂਲ 'ਚ ਦੀਵਾਲੀ ਮਨਾਉਣ ਸਮੇਂ ਪ੍ਰਬੰਧਕ ਤੇ ਅਧਿਆਪਕਾਂ। ਤਸਵੀਰ : ਵਨੀਤ ਗੋਇਲ

ਵੁੱਡ ਬਲਾਜ਼ਮ ਸਕੂਲ 'ਚ ਦੀਵਾਲੀ ਦਾ ਤਿਉਹਾਰ ਮਨਾਇਆ

ਬਟਾਲਾ, 19 ਅਕਤੂਬਰ (ਸਤਿੰਦਰ ਸਿੰਘ)-ਵੁੱਡ ਬਲਾਜ਼ਮ ਸਕੂਲ ਵਿਚ ਦੀਵਾਲੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੀ ਚੇਅਰਪਰਸਨ ਡਾ. ਸਤਿੰਦਰਜੀਤ ਕੌਰ ਨਿੱਝਰ, ਚੇਅਰਮੈਨ ਡਾ. ਸਤਨਾਮ ਸਿੰਘ ਨਿੱਝਰ, ਐਕਡਮਿਕ ਡਾਇਰੈਕਟਰ ਵਸੁਧਾ ਸ਼ਰਮਾ ਤੇ ਮੁੱਖ ਅਧਿਆਪਕ ਗੁਰਮੀਨ ਕੌਰ ਦੀ ਹਾਜ਼ਰੀ 'ਚ ਹੋਈ। ਇਸ ਮੌਕੇ ਇਨਰਵੀਲ ਕਲੱਬ ਦੇ ਮੈਂਬਰਾਂ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਤੇ ਪ੍ਰੋਗਰਾਮ ਦੀ ਖੂਬ ਪ੍ਰਸ਼ੰਸਾ ਕੀਤੀ। ਕਾਰਨੀਵਲ ਦੇ ਮੁੱਖ ਆਕਰਸ਼ਣ ਫੂਡ ਸਟਾਲ, ਭੂਤੀਆ ਘਰ, ਗੇਮ ਕੌਰਨਰ, ਡਾਂਸ ਆਨ ਡਿਮਾਂਡ, ਸੈਲਫੀ ਕੌਰਨਰ ਅਤੇ ਟੈਟੂ ਬਣਾਉਣਾ ਸਨ। ਬੱਚਿਆਂ ਨੇ ਬੜੇ ਉਤਸ਼ਾਹ ਤੇ ਖੁਸ਼ੀ ਨਾਲ ਸਾਰੀਆਂ ਗਤੀਵਿਧੀਆਂ ਦਾ ਆਨੰਦ ਮਾਣਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ਗਿਆ ਤੇ ਉਨ੍ਹਾਂ ਨੂੰ ਪਟਾਕਿਆਂ ਤੋਂ ਦੂਰ ਰਹਿ ਕੇ ਵਾਤਾਵਰਨ ਦੀ ਰੱਖਿਆ ਬਾਰੇ ਜਾਗਰੂਕ ਕੀਤਾ ਗਿਆ।

ਸੰਤ ਬਾਬਾ ਹਜ਼ਾਰਾ ਸਿੰਘ ਅਕੈਡਮੀ ਡੇਰਾ ਪਠਾਣਾ 'ਚ ਦੀਵਾਲੀ ਸਮਾਗਮ ਕਰਵਾਇਆ

ਕੋਟਲੀ ਸੂਰਤ ਮੱਲ੍ਹੀ, 19 ਅਕਤੂਬਰ (ਕੁਲਦੀਪ ਸਿੰਘ ਨਾਗਰਾ)-ਰੌਸ਼ਨੀਆਂ ਦਾ ਪਵਿੱਤਰ ਤਿਉਹਾਰ ਦੀਵਾਲੀ ਸੰਤ ਬਾਬਾ ਹਜ਼ਾਰਾ ਸਿੰਘ ਅਕੈਡਮੀ ਡੇਰਾ ਪਠਾਣਾ 'ਚ ਧੂਮ-ਧਾਮ, ਉਤਸ਼ਾਹ ਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਸਬੰਧੀ ਪ੍ਰਿੰਸੀਪਲ ਡਾ. ਰੇਨੂੰ ਪੰਚਾਲ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਆਪਣੀਆਂ ਕਲਾਸਾਂ ਨੂੰ ਹੱਥ ਨਾਲ ਬਣਾਈਆਂ ਸਜਾਵਟੀ ਚੀਜ਼ਾਂ ਨਾਲ ਸ਼ਿਗਾਰਿਆ, ਜਿਸ ਨਾਲ ਸਕੂਲ ਦੀ ਸੁੰਦਰਤਾ ਹੋਰ ਵੀ ਵਧ ਗਈ। ਹਰ ਕਲਾਸ ਦੀ ਸਜਾਵਟ ਰਚਨਾਤਮਕਤਾ ਤੇ ਕਲਾਤਮਿਕਤਾ ਦਾ ਸੁੰਦਰ ਮਿਲਾਪ ਸੀ। ਸਮਾਗਮ ਦੀ ਸ਼ੁਰੂਆਤ ਮੌਕੇ ਬੱਚਿਆਂ ਨੇ ਇਹ ਪ੍ਰਣ ਲਿਆ ਕਿ ਉਹ ਦੀਵਾਲੀ ਦੇ ਤਿਉਹਾਰ ਦੌਰਾਨ ਪਟਾਕੇ ਨਹੀਂ ਚਲਾਉਣਗੇ ਤੇ ਪ੍ਰਦੂਸ਼ਣ ਰਹਿਤ ਤਿਉਹਾਰ ਮਨਾਉਣਗੇ। ਉਨ੍ਹਾਂ ਸਾਫ਼-ਸੁਥਰੇ ਤੇ ਸੁਰੱਖਿਅਤ ਤਰੀਕੇ ਨਾਲ ਖੁਸ਼ੀਆਂ ਸਾਂਝੀਆਂ ਕਰਨ ਦਾ ਸੰਦੇਸ਼ ਦਿੱਤਾ। ਪ੍ਰਿੰਸੀਪਲ ਡਾ. ਰੇਨੂੰ ਪੰਚਾਲ ਨੇ ਦੀਵਾਲੀ ਦੇ ਤਿਉਹਾਰ ਦੀ ਮਹੱਤਤਾ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ ਤੇ ਬੱਚਿਆ ਵਲੋਂ ਰੰਗੋਲੀ ਬਣਾਈ ਗਈ। ਇਸ ਮੌਕੇ ਅੱਵਲ ਰਹੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਤੇ ਤੇਜਪ੍ਰਤਾਪ ਸਿੰਘ ਨੇ ਸਟਾਫ਼ ਤੇ ਬੱਚਿਆਂ ਨੂੰ ਦੀਵਾਲੀ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਦੀਵਾਲੀ ਦੇ ਤਿਉਹਾਰ ਦੀ ਇਤਿਹਾਸਕ ਮਹੱਤਤਾ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ। ਇਸ ਮੌਕੇ ਸਕੂਲ ਸਟਾਫ਼ ਤੇ ਬੱਚੇ ਹਾਜ਼ਰ ਸਨ।

ਸੰਤ ਬਾਬਾ ਹਜ਼ਾਰਾ ਸਿੰਘ ਅਕੈਡਮੀ ਡੇਰਾ ਪਠਾਣਾ ਵਿਚ ਕਰਵਾਏ ਸਮਾਗਮ ਦੌਰਾਨ ਬੱਚਿਆਂ ਸਮੇਤ ਪ੍ਰਿੰਸੀਪਲ ਡਾ. ਰੇਨੂੰ ਪੰਚਾਲ। ਤਸਵੀਰ : ਨਾਗਰਾ

ਆਰ.ਆਰ. ਬਾਵਾ ਕਾਲਜ ਵਲੋਂ ਝੁੱਗੀ ਖੇਤਰ ਦੇ ਬੱਚਿਆਂ ਨਾਲ ਦੀਵਾਲੀ ਮਨਾਈ

ਬਟਾਲਾ, 19 ਅਕਤੂਬਰ (ਸਤਿੰਦਰ ਸਿੰਘ)-ਆਰ.ਆਰ. ਬਾਵਾ ਡੀ.ਏ.ਵੀ. ਕਾਲਜ ਫ਼ਾਰ ਗਰਲਜ਼ ਬਟਾਲਾ ਵਿਖੇ ਪ੍ਰਿੰਸੀਪਲ ਡਾ. ਏਕਤਾ ਖੋਸਲਾ ਦੇ ਨਿਰਦੇਸ਼ਾਂ ਅਨੁਸਾਰ ਅਤੇ ਕਾਲਜ ਦੇ ਸਮਾਜ ਸੇਵਾ ਕਲੱਬ ਦੇ ਇੰਚਾਰਜ ਸ੍ਰੀਮਤੀ ਸਿੰਮੀ ਸ਼ਰਮਾ ਦੀ ਅਗਵਾਈ ਹੇਠ ਬਟਾਲਾ ਸ਼ਹਿਰ ਦੇ ਝੁੱਗੀ ਖੇਤਰ ਵਿਚ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਇਸ ਕਲੱਬ ਵਲੋਂ ਸ਼੍ਰੀਮਤੀ ਸਿੰਮੀ ਸ਼ਰਮਾ ਦੀ ਅਗਵਾਈ ਹੇਠ ਝੁੱਗੀ ਖੇਤਰ ਦੇ ਸੇਵਾ ਭਾਰਤੀ ਸਕੂਲ ਦਾ ਦੌਰਾ ਕੀਤਾ ਗਿਆ।

ਦੀਵਾਲੀ 'ਤੇ ਪਠਾਨਕੋਟ ਵਿਸ਼ੇਸ਼ ਸਪਲੀਮੈਂਟ









Ph. 2227214, 2220539

PATHANKOT IMPROVEMENT TRUST

PATHANKOT-145001

ਅਪੀਲ

ਚੇਅਰਮੈਨ, ਨਗਰ ਸੁਧਾਰ ਟਰੱਸਟ ਪਠਾਨਕੋਟ ਵਲੋਂ ਸ਼ਹਿਰ ਵਾਸੀਆਂ ਨੂੰ ਦੀਵਾਲੀ 'ਤੇ ਲੱਖ-ਲੱਖ ਵਧਾਈ ਹੋਵੇ। ਚੇਅਰਮੈਨ ਜੀ ਵਲੋਂ ਟਰੱਸਟ ਦੀਆਂ ਵਿਕਾਸ ਸਕੀਮਾਂ ਵਿਚ ਵਿਕਾਸ ਦੇ ਕੰਮ ਵੀ ਕਰਵਾਉਣ ਅਤੇ ਟਰੱਸਟ ਦੀਆਂ ਸਕੀਮਾਂ ਦੇ ਅਲਾਟੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਪ ਆਪਣੇ ਪਲਾਟ/ ਦੁਕਾਨ/ ਬੂਥ ਦਾ ਬਕਾਇਆ ਟਰੱਸਟ ਫੰਡ ਵਿਚ 31.12.2025 ਤੱਕ ਜਮ੍ਹਾਂ ਕਰਵਾਉਣ, ਅਜਿਹਾ ਨਾ ਕਰਨ ਦੀ ਸੂਰਤ 'ਚ ਆਪ ਜੀ ਨੂੰ ਅਲਾਟ ਕੀਤੇ ਪਲਾਟ/ ਦੁਕਾਨ/ ਬੂਥ ਨਿਯਮਾਂ ਅਨੁਸਾਰ ਰਿਜਊਮ/ਜ਼ਬਤ ਕਰ ਲਏ ਜਾਣਗੇ। ਏ. ਪੀ. ਕੇ. ਰੋਡ ਵਿਕਾਸ ਸਕੀਮ ਵਿਚ ਬੈਠੇ ਸਾਰੇ ਕਿਰਾਏਦਾਰਾਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਰੈਂਟ ਦੇ ਸਾਰੇ ਪੈਸੇ ਟਰੱਸਟ ਫੰਡ ਵਿਚ ਜਮ੍ਹਾਂ ਕਰਵਾਣੇ ਜਾਣ। ਸਾਰੇ ਕਿਰਾਏਦਾਰਾਂ ਨੂੰ ਅੰਤਿਮ ਮੌਕਾ ਦਿੰਦੇ ਹੋਏ ਖਾਸ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਕ ਹਫਤੇ ਦੇ ਅੰਦਰ-ਅੰਦਰ ਆਪਣਾ ਕਿਰਾਇਆ ਟਰੱਸਟ ਫੰਡ ਵਿਚ ਜਮ੍ਹਾਂ ਕਰਵਾ ਦੇਣ। ਇਸ ਉਪਰੰਤ ਹੋਰ ਕੋਈ ਮੌਕਾ ਨਾ ਦਿੰਦੇ ਹੋਏ ਉਨ੍ਹਾਂ ਦਾ ਕਿਰਾਏਨਾਮਾ ਰੱਦ ਕਰਨ ਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿਚ ਆਪ ਵਲੋਂ ਟਰੱਸਟ ਨਾਲ ਕੀਤਾ ਗਿਆ ਐਗਰੀਮੈਂਟ ਰੱਦ ਕਰਦੇ ਹੋਏ ਆਪ ਰੈਂਟ ਤਹਿ ਬਾਜ਼ਾਰੀ ਦੀਆਂ ਦੁਕਾਨਾਂ ਜ਼ਬਤ ਕਰ ਲਈਆਂ ਜਾਣਗੀਆਂ ਤੇ ਆਪ ਦਾ ਕੋਈ ਉਜ਼ਰ ਮੰਨਣਯੋਗ ਨਹੀਂ ਹੋਵੇਗਾ। ਇਸ ਦੇ ਨਾਲ ਹੀ ਰੇਹੜੀਆਂ ਵਾਲਿਆਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਰੇਹੜੀਆਂ ਸੜਕਾਂ/ ਫੁੱਟਪਾਥਾਂ 'ਤੇ ਨਾ ਲਗਾਉਣ। ਅਜਿਹਾ ਨਾ ਕਰਨ ਵਾਲਿਆਂ ਵਿਰੁੱਧ ਰੂਲਾਂ ਮੁਤਾਬਕ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਸਾਮਾਨ/ ਰੇਹੜੀਆਂ ਵੀ ਜਬਤ ਕੀਤੀਆਂ ਜਾਣਗੀਆਂ। ਫੁੱਟਪਾਥ ਨੂੰ ਵੀ ਖਾਲੀ ਅਤੇ ਸਾਫ-ਸੁਥਰਾ ਰਖਿਆ ਜਾਵੇ ਅਤੇ ਟਰੱਸਟ ਦੀ ਕਿਸੇ ਸਕੀਮ ਵਿਚ ਨਾਜਾਇਜ਼ ਉਸਾਰੀ ਨਾ ਕੀਤੀ ਜਾਵੇ।

ਸਹੀ/-ਚੇਅਰਮੈਨ
ਨਗਰ ਸੁਧਾਰ ਟਰੱਸਟ, ਪਠਾਨਕੋਟ।

ਨਗਰ ਕੀਰਤਨ ਦਾ ਸਵਾਗਤ ਕਰਦੀਆਂ ਸੰਗਤਾਂ। ਤਸਵੀਰ : ਜਤਿੰਦਰ ਕੱਦ

ਬਾਬਾ ਬੁੱਢਾ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਏ

ਬਟਾਲਾ, 19 ਅਕਤੂਬਰ (ਸਤਿੰਦਰ ਸਿੰਘ)-ਬਾਬਾ ਬੁੱਢਾ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰਨਾਮ ਨਗਰ, ਬੱਖੋਵਾਲ ਤੋਂ ਬਾਬਾ ਬੁੱਢਾ ਸਾਹਿਬ ਜੀ ਗੁਰਦੁਆਰਾ ਵਲੋਂ ਪ੍ਰਧਾਨ ਸਵਿੰਦਰ ਸਿੰਘ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਏ ਗਏ। ਨਗਰ ਕੀਰਤਨ ਹਰਨਾਮ ਨਗਰ ਤੋਂ ਸ਼ੁਰੂ ਹੋ ਕੇ ਮਾਨ ਨਗਰ, ਸੁੰਦਰ ਨਗਰ, ਸ਼ੁਕਰਪੁਰਾ, ਗਾਂਧੀ ਚੌਕ, ਸ਼ਾਸਤਰੀ ਨਗਰ, ਕਾਹਨੂੰਵਾਨ ਰੋਡ, ਸਟਾਫ਼ ਰੋਡ ਤੋਂ ਹੁੰਦਾ ਹੋਇਆ ਹਰਨਾਮ ਨਗਰ ਸਮਾਪਤੀ ਹੋਈ। ਇਸ ਮੌਕੇ ਗਤਕਾ ਪਾਰਟੀ ਨੇ ਆਪਣੇ ਕਰਤੱਬ ਦਿਖਾਏ ਤੇ ਬੈਂਡ ਪਾਰਟੀ ਵਲੋਂ ਆਪਣੀ ਪੇਸ਼ਕਸ਼ ਕੀਤੀ ਗਈ। ਨਗਰ ਕੀਰਤਨ 'ਚ ਬੀਬੀਆਂ ਵਲੋਂ ਸ਼ਬਦ ਕੀਰਤਨ ਕੀਤਾ ਗਿਆ। ਇਸ ਮੌਕੇ ਜੋਗਿੰਦਰ ਸਿੰਘ ਗਾਂਧੀ, ਗਰੀਬ ਸਿੰਘ ਸਕੱਤਰ, ਕਰਤਾਰ ਸਿੰਘ, ਰਜਿੰਦਰ ਸਿੰਘ, ਜੋਗਿੰਦਰ ਸਿੰਘ ਠੇਕੇਦਾਰ ਆਦਿ ਸੰਗਤ ਹਾਜ਼ਰ ਸੀ।

ਗੁਰਦਾਸਪੁਰ ਬੀ.ਐਸ.ਐਫ. ਦੇ ਹੈੱਡ ਕੁਆਰਟਰ ਵਿਖੇ ਦੀਵਾਲੀ ਮੇਲੇ ਮੌਕੇ ਚੇਅਰਪਰਸਨ ਉਦਘਾਟਨ ਕਰਦੀ ਹੋਈ। ਤਸਵੀਰ: ਵਿਸ਼ਾਲ ਮੁੰਨਾ

ਸੀਮਾ ਸੁਰੱਖਿਆ ਬਲ ਸੈਕਟਰ ਹੈਡਕੁਆਰਟਰ ਗੁਰਦਾਸਪ